**MITTER SAIN GOYAL**
B.A. (Hons.) Gold Medalist LL.B., D.A. (Retd.)
Advocate
(Regd. No. P/96/1977)

Mobile : 098556-31777
E-mail : mittersianmeet@hotmail.com

Office : # 297, Street No. 5,
Upkar Nagar, Civil Lines,
Ludhiana (Punjab) Pin - 140001.

Special Honours/Distinctions
- Sahitya Academy Award 2008
(Sahitya Academy, New Delhi)
- Pt. Gobind Balbh Pant Award 2008
(Police Bureau of Research & Development, New Delhi)
- Research-Fellowship
(S.V.P. National Police Academy, Hyderabad)

ਨੰ: 1011-15 O/C
ਮਿਤੀ 16.11.2020

ਵੱਲ

1. ਚੇਅਰਮੈਨ,
ਉਪਭੋਗਤਾ ਸ਼ਿਕਾਇਤ ਨਿਵਾਰਣ ਕੇਂਦਰ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ
ਲੁਧਿਆਣਾ।
2. ਚੇਅਰਮੈਨ/ਮੈਨੇਜਿੰਗ ਡਾਇਰੈਕਟਰ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ
ਪਟਿਆਲਾ। cmd-pspcl@pspcl.in
3. ਡਾਇਰੈਕਟਰ, ਭਾਸ਼ਾ ਵਿਭਾਗ
ਪੰਜਾਬ, ਪਟਿਆਲਾ। dir.lang@punjab.gov.in
4. ਪੰਜਾਬ ਸਰਕਾਰ ਰਾਹੀਂ ਪ੍ਰਮੁੱਖ ਸਕੱਤਰ, ਬਿਜਲੀ ਵਿਭਾਗ,
ਪੰਜਾਬ ਸਰਕਾਰ, ਚੰਡੀਗੜ੍ਹ। secy.power@punjab.gov.in
5. ਪੰਜਾਬ ਸਰਕਾਰ ਰਾਹੀਂ ਪ੍ਰਮੁੱਖ ਸਕੱਤਰ, ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ,
ਪੰਜਾਬ ਸਰਕਾਰ, ਚੰਡੀਗੜ੍ਹ। pshe@punjab.gov.in

ਵਿਸ਼ਾ: ਦੀਵਾਨੀ ਜ਼ਾਬਤਾ 1908 ਦੀ ਧਾਰਾ 80 ਅਧੀਨ ਕਾਨੂੰਨੀ ਨੋਟਿਸ।

ਸ੍ਰੀ ਮਾਨ ਜੀ,

ਮੈਨੂੰ ਸ.ਹਰਬਖ਼ਸ਼ ਸਿੰਘ ਗਰੇਵਾਲ ਵਾਸੀ ਮਕਾਨ ਨੰ:526/2, ਬੀ-35, ਨੇੜੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸੁਨੇਤ, ਬੀ.ਆਰ.ਐਸ. ਨਗਰ, ਲੁਧਿਆਣਾ ਵੱਲੋਂ, ਆਪ ਸਾਰੇ ਨੋਟਿਸੀਜ਼ ਨੂੰ, ਇਹ ਕਾਨੂੰਨੀ ਨੋਟਿਸ ਦੇਣ ਲਈ ਵਕੀਲ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੀ ਹਦਾਇਤ ਦੀ ਪਾਲਣਾ ਕਰਦੇ ਹੋਏ ਮੈਂ ਆਪ ਸਭ ਨੋਟਿਸੀਜ਼ ਨੂੰ ਹੇਠ ਲਿਖੇ ਅਨੁਸਾਰ ਕਾਨੂੰਨੀ ਨੋਟਿਸ ਦੇ ਰਿਹਾ ਹਾਂ:

1. ਪੰਜਾਬ ਸਰਕਾਰ ਵੱਲੋਂ ਪੰਜਾਬੀ ਭਾਸ਼ਾ ਨੂੰ ਰਾਜ ਭਾਸ਼ਾ ਦਾ ਦਰਜਾ ਦੇਣ ਲਈ 'ਪੰਜਾਬ ਰਾਜ ਭਾਸ਼ਾ ਐਕਟ 1967' ਬਣਾਇਆ ਹੋਇਆ ਹੈ। ਇਸ ਐਕਟ ਦੀ ਧਾਰਾ 3 ਰਾਹੀਂ ਪੰਜਾਬੀ ਭਾਸ਼ਾ ਨੂੰ ਰਾਜ ਭਾਸ਼ਾ ਦਾ ਦਰਜਾ ਦਿੱਤਾ ਗਿਆ ਹੈ। ਕਾਨੂੰਨ ਦੀ ਇਹ ਵਿਵਸਥਾ 1967 ਤੋਂ ਹੀ ਅਮਲ ਵਿਚ ਹੈ। ਇਸ ਕਾਨੂੰਨ ਵਿਚ ਸਾਲ 2008 ਵਿਚ ਪ੍ਰਮੁੱਖ ਸੋਧਾਂ ਹੋਈਆਂ। ਸਾਲ 2008 ਦੀ ਇਸ ਤਰਮੀਮ ਦੀ ਧਾਰਾ 3(ਅ) ਰਾਹੀਂ 'ਰਾਜ ਸਰਕਾਰ ਦੇ ਅਤੇ ਸਰਕਾਰੀ ਖੇਤਰ ਦੇ ਸਾਰੇ ਅਦਾਰਿਆਂ ਵਿਚ ਸਾਰਾ ਦਫ਼ਤਰੀ ਕੰਮ-ਕਾਜ ਪੰਜਾਬੀ ਵਿਚ ਕੀਤੇ ਜਾਣਾ ਜ਼ਰੂਰੀ' ਕੀਤਾ ਗਿਆ। ਸਾਲ 2008 ਦੇ ਇਸੇ ਸੋਧ ਐਕਟ ਦੀ ਧਾਰਾ 8(ੳ) ਰਾਹੀਂ

**MITTER SAIN GOYAL**
B.A. (Hons.) Gold Medalist LL.B., D.A. (Retd.)
Advocate



ਡਾਇਰੈਕਟਰ ਭਾਸ਼ਾ ਵਿਭਾਗ ਨੂੰ ਪੰਜਾਬ ਸਰਕਾਰ ਦੇ ਦਫ਼ਤਰਾਂ ਵਿਚ, ਕੰਮ-ਕਾਜ ਪੰਜਾਬੀ ਭਾਸ਼ਾ ਵਿਚ ਹੁੰਦਾ ਹੈ ਜਾਂ ਨਹੀਂ, ਇਸ ਦੀ ਪੜਤਾਲ ਕਰਨ ਦਾ ਅਧਿਕਾਰ ਦਿੱਤਾ ਗਿਆ। ਸਾਲ 2008 ਦੇ ਇਸੇ ਸੋਧ ਐਕਟ ਦੀ ਧਾਰਾ 8(ਸ) ਰਾਹੀਂ ਉਨ੍ਹਾਂ ਕਰਮਚਾਰੀਆਂ/ਅਧਿਕਾਰੀਆਂ ਨੂੰ ਸਜ਼ਾ ਦੇਣ ਦੀ ਵਿਵਸਥਾ ਵੀ ਕੀਤੀ ਗਈ ਜੋ ਆਪਣਾ ਦਫ਼ਤਰੀ ਕੰਮ-ਕਾਜ ਪੰਜਾਬੀ ਵਿਚ ਨਹੀਂ ਕਰਨਗੇ।

2. ਕਾਨੂੰਨ ਦੀਆਂ ਇਨ੍ਹਾਂ ਵਿਵਸਥਾਵਾਂ ਨੂੰ ਇੰਨ-ਬਿੰਨ ਲਾਗੂ ਕਰਾਉਣ ਲਈ ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ ਤੇ ਨਵੇਂ ਹੁਕਮ ਵੀ ਜਾਰੀ ਕੀਤੇ ਜਾਂਦੇ ਹਨ। ਅਜਿਹਾ ਇੱਕ ਹੁਕਮ ਮਿਤੀ 05.09.2008 ਨੂੰ ਜਾਰੀ ਕੀਤਾ ਗਿਆ ਅਤੇ ਪੰਜਾਬ ਸਰਕਾਰ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਮੁੜ ਹਦਾਇਤ ਕੀਤੀ ਗਈ ਕਿ 'ਪੰਜਾਬ ਸਰਕਾਰ ਦੇ ਸਾਰੇ ਦਫ਼ਤਰਾਂ ਵਿਚ ਸਾਰਾ ਕੰਮ-ਕਾਜ ਪੰਜਾਬੀ ਵਿਚ ਕੀਤਾ ਜਾਵੇ'।

ਕਾਨੂੰਨ ਦੀਆਂ ਇਹ ਵਿਵਸਥਾਵਾਂ ਪੀ:ਐਸ.ਪੀ.ਸੀ.ਐਲ. ਅਤੇ ਇਸ ਦੇ ਅਧੀਨ ਕੰਮ ਕਰਦੇ ਹਰ ਦਫ਼ਤਰ ਦੇ ਅਧਿਕਾਰੀ ਅਤੇ ਕਰਮਚਾਰੀ ਉੱਪਰ ਲਾਗੂ ਹੁੰਦੀਆਂ ਹਨ।

3. ਪੰਜਾਬ ਸਰਕਾਰ ਦੇ ਜਾਂ ਇਸ ਦੇ ਅਧੀਨ ਕੰਮ ਕਰਦੀਆਂ ਸੰਸਥਾਵਾਂ ਦੇ ਅਧਿਕਾਰੀਆਂ ਵੱਲੋਂ, ਕਾਨੂੰਨ ਦੀਆਂ ਇਨ੍ਹਾਂ ਵਿਵਸਥਾਵਾਂ ਅਤੇ ਪੰਜਾਬ ਸਰਕਾਰ ਦੇ ਕਾਨੂੰਨਾਂ ਦੀ ਇੰਨ-ਬਿੰਨ ਤਾਂ ਕੀ ਮਾਮੂਲੀ ਜਿਹੀ ਪਾਲਣਾ ਵੀ ਨਹੀਂ ਕੀਤੀ ਜਾਂਦੀ।

4. ਸ.ਹਰਬਖ਼ਸ਼ ਸਿੰਘ ਗਰੇਵਾਲ ਅਤੇ ਉਨ੍ਹਾਂ ਦੇ ਕਈ ਮਿੱਤਰਾਂ ਨੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਵਿਕਾਸ ਲਈ ਬੀੜਾ ਚੁੱਕਿਆ ਹੋਇਆ ਹੈ। ਉਨ੍ਹਾਂ ਵੱਲੋਂ ਬਣਾਈ ਗਈ ਇੱਕ ਸੰਸਥਾ ਜਿਸ ਦਾ ਨਾਂ 'ਪੰਜਾਬੀ ਭਾਸ਼ਾ ਪਸਾਰ ਭਾਈਚਾਰਾ' ਹੈ, ਵੱਲੋਂ ਲਗਾਤਾਰ ਪੰਜਾਬ ਸਰਕਾਰ ਅਤੇ ਇਨ੍ਹਾਂ ਕਾਨੂੰਨੀ ਵਿਵਸਥਾਵਾਂ ਦੀਆਂ ਉਲੰਘਣਾ ਕਰਨ ਵਾਲੇ ਅਧਿਕਾਰੀਆਂ ਨਾਲ ਚਿੱਠੀ-ਪੱਤਰ ਕਰਕੇ, ਇਹ ਉਲੰਘਣਾਵਾਂ ਉਨ੍ਹਾਂ ਦੇ ਧਿਆਨ ਵਿਚ ਲਿਆ ਕੇ, ਉਨ੍ਹਾਂ ਨੂੰ ਉਨ੍ਹਾਂ ਦੇ ਦਫ਼ਤਰਾਂ ਵਿਚ ਪੰਜਾਬੀ ਭਾਸ਼ਾ ਦੀ ਵਰਤੋਂ ਯਕੀਨੀ ਬਣਾਉਣ ਦੀਆਂ ਬੇਨਤੀਆਂ ਕੀਤੀਆਂ ਜਾਂਦੀਆਂ ਹਨ।

5. ਸ.ਹਰਬਖ਼ਸ਼ ਸਿੰਘ ਗਰੇਵਾਲ ਦੇ ਧਿਆਨ ਵਿਚ ਆਇਆ ਕਿ ਲੁਧਿਆਣਾ ਵਿਚ ਸਥਿਤ ਉਪਭੋਗਤਾ ਸ਼ਿਕਾਇਤ ਨਿਵਾਰਣ ਕੇਂਦਰ, ਪੀ.ਐਸ.ਪੀ.ਸੀ.ਐਲ. ਦੇ ਚੇਅਰਮੈਨ ਖੁਦ ਅਤੇ ਉਨ੍ਹਾਂ ਦੇ ਕਰਮਚਾਰੀਆਂ ਵੱਲੋਂ ਆਪਣੇ ਦਫ਼ਤਰੀ ਕੰਮ-ਕਾਜ ਵਿਚ ਪੰਜਾਬੀ ਭਾਸ਼ਾ ਦੀ ਬਿਲਕੁਲ ਹੀ ਵਰਤੋਂ ਨਹੀਂ ਕੀਤੀ ਜਾਂਦੀ। ਉਨ੍ਹਾਂ ਵੱਲੋਂ, ਚੇਅਰਮੈਨ ਨੂੰ ਉਨ੍ਹਾਂ ਦੀ ਗਲਤੀ ਦਾ ਅਹਿਸਾਸ ਕਰਾਉਣ ਲਈ ਇੱਕ ਪੱਤਰ ਮਿਤੀ 27.01.2020 ਨੂੰ ਲਿਖਿਆ ਗਿਆ। ਇਸ ਪੱਤਰ ਦੀ ਨਕਲ ਮੁੱਖ ਮੰਤਰੀ ਪੰਜਾਬ ਸਰਕਾਰ, ਬਿਜਲੀ ਮੰਤਰੀ ਪੰਜਾਬ ਸਰਕਾਰ, ਮੁੱਖ ਸਕੱਤਰ ਪੰਜਾਬ ਸਰਕਾਰ, ਚੇਅਰਮੈਨ ਪੀ.ਐਸ.ਪੀ.ਸੀ.ਐਲ. ਅਤੇ ਡਾਇਰੈਕਟਰ ਭਾਸ਼ਾ ਵਿਭਾਗ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜੀ ਗਈ। ਇਸ ਚਿੱਠੀ ਦੀ ਕਾਪੀ ਨੱਥੀ ਕੀਤੀ ਜਾਂਦੀ ਹੈ।

6. ਸ.ਹਰਬਖ਼ਸ਼ ਸਿੰਘ ਗਰੇਵਾਲ ਵੱਲੋਂ ਕਾਨੂੰਨ ਦੀਆਂ ਇਨ੍ਹਾਂ ਵਿਵਸਥਾਵਾਂ ਦੀ ਉਲੰਘਣਾ ਦੇ, ਉਕਤ ਪੈਰ੍ਹਾ ਨੰ:5 ਵਿਚ ਦਰਜ ਸਬੰਧਤ ਅਧਿਕਾਰੀਆਂ ਦੇ ਧਿਆਨ ਵਿਚ ਲਿਆਉਣ ਦੇ ਬਾਵਜੂਦ, ਨਾ ਹੀ ਚੇਅਰਮੈਨ ਉਪਭੋਗਤਾ ਸ਼ਿਕਾਇਤ ਨਿਵਾਰਣ ਕੇਂਦਰ (ਨੋਟਿਸੀ ਨੰ:1), ਨਾ ਹੀ ਚੇਅਰਮੈਨ/ਮੈਨੇਜਿੰਗ ਡਾਇਰੈਕਟਰ ਪੀ.ਐਸ.ਪੀ.ਸੀ.ਐਲ. (ਨੋਟਿਸੀ ਨੰ:2), ਨਾ ਹੀ ਡਾਇਰੈਕਟਰ ਭਾਸ਼ਾ ਵਿਭਾਗ (ਨੋਟਿਸੀ ਨੰ:3) ਵੱਲੋਂ ਕਾਨੂੰਨ ਦੀਆਂ ਇਨ੍ਹਾਂ ਵਿਵਸਥਾਵਾਂ ਨੂੰ ਲਾਗੂ ਕਰਾਉਣ ਲਈ ਕੋਈ ਯਤਨ ਕੀਤਾ ਗਿਆ। ਸਿੱਟੇ ਵਜੋਂ ਇਸ ਦਫ਼ਤਰ ਦੇ

**MITTER SAIN GOYAL**
B.A. (Hons.) Gold Medalist LL.B., D.A. (Retd.)
Advocate



ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਆਪਣੇ ਦਫ਼ਤਰੀ ਕੰਮ-ਕਾਜ ਵਿਚ ਮੁਕੰਮਲ ਤੌਰ ਤੇ ਕੇਵਲ ਅੰਗਰੇਜ਼ੀ ਦੀ ਵਰਤੋਂ ਹੋ ਰਹੀ ਹੈ। ਸਬੂਤ ਵਜੋਂ ਕੁਝ ਦਸਤਾਵੇਜ ਨੱਥੀ ਕੀਤੇ ਜਾਂਦੇ ਹਨ।

7. ਮਾਮਲਾ ਧਿਆਨ ਵਿਚ ਆਉਣ ਦੇ ਬਾਵਜੂਦ ਨੋਟਿਸੀ ਨੰ:2 ਵੱਲੋਂ ਨੋਟਿਸੀ ਨੰ:1 ਨੂੰ ਕਾਨੂੰਨ ਦੀਆਂ ਇਨ੍ਹਾਂ ਵਿਵਸਥਾਵਾਂ ਲਾਗੂ ਕਰਨ ਦੀਆਂ ਹਦਾਇਤਾਂ ਨਾ ਜਾਰੀ ਕਰਕੇ ਖੁਦ ਕਾਨੂੰਨ ਦੀ ਧਾਰਾ 8(ਸ) ਲਈ ਆਪਣੇ ਆਪ ਨੂੰ ਸਜ਼ਾ ਦਾ ਹੱਕਦਾਰ ਬਣਾਇਆ ਹੈ। ਇਸੇ ਤਰ੍ਹਾਂ ਨੋਟਿਸੀ ਨੰ:3 ਵੱਲੋਂ, ਮਾਮਲਾ ਧਿਆਨ ਵਿਚ ਆਉਣ ਦੇ ਬਾਵਜੂਦ, ਨੋਟਿਸੀ ਨੰ:1 ਦੇ ਦਫ਼ਤਰ ਵਿਚ ਹੋ ਰਹੀਆਂ ਕਾਨੂੰਨ ਦੀਆਂ ਵਿਵਸਥਾਵਾਂ ਦੀ ਉਲੰਘਣਾ ਦੀ ਪੜਤਾਲ ਨਾ ਕਰਕੇ ਅਤੇ ਉੱਥੇ ਅੰਗਰੇਜ਼ੀ ਦੀ ਵਰਤੋਂ ਨੂੰ ਜਾਰੀ ਰਖਵਾ ਕੇ ਆਪਣੀਆਂ ਜ਼ਿੰਮੇਵਾਰੀਆਂ ਦੀ ਪਾਲਣਾ ਨਾ ਕਰਕੇ, ਧਾਰਾ 8(ਸ) ਲਈ ਖੁਦ ਨੂੰ ਸਜ਼ਾ ਲਈ ਜ਼ਿੰਮੇਵਾਰ ਬਣਾਇਆ ਹੈ।

8. ਤੁਹਾਨੂੰ ਨੋਟਿਸੀ ਨੰ:4 ਨੂੰ, ਨੋਟਿਸੀ ਨੰ:1 ਅਤੇ 2 ਦੇ ਪ੍ਰਸ਼ਾਸਨਿਕ ਉਚ ਅਧਿਕਾਰੀ ਵਜੋਂ ਅਤੇ ਤੁਹਾਨੂੰ ਨੋਟਿਸੀ ਨੰ:5 ਨੂੰ ਨੋਟਿਸੀ ਨੰ:3 ਦੇ ਉੱਚ ਅਧਿਕਾਰੀ ਵਜੋਂ, ਦੀਵਾਨੀ ਜ਼ਾਬਤੇ ਦੀ ਧਾਰਾ 80 ਦੀਆਂ ਹਦਾਇਤਾਂ ਅਨੁਸਾਰ ਇਹ ਨੋਟਿਸ ਦਿੱਤਾ ਜਾ ਰਿਹਾ ਹੈ।

9. **ਇਸ ਕਾਨੂੰਨੀ ਨੋਟਿਸ ਰਾਹੀਂ ਆਪ ਜੀ ਤੋਂ ਹੇਠ ਲਿਖੀ ਰਾਹਤ ਦੀ ਮੰਗ ਕੀਤੀ ਜਾ ਰਹੀ ਹੈ:**

(ੳ) ਉਪਭੋਗਤਾ ਸ਼ਿਕਾਇਤ ਨਿਵਾਰਣ ਕੇਂਦਰ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਲੁਧਿਆਣਾ ਦੇ ਦਫ਼ਤਰ ਵਿਚ ਹੁੰਦੇ ਸਾਰੇ ਦਫ਼ਤਰੀ ਕੰਮ-ਕਾਜ ਨੂੰ ਪੰਜਾਬੀ ਵਿਚ ਕੀਤੇ ਜਾਣ ਨੂੰ ਯਕੀਨੀ ਬਣਾਇਆ ਜਾਵੇ।

(ਅ) ਚੇਅਰਮੈਨ ਉਪਭੋਗਤਾ ਸ਼ਿਕਾਇਤ ਨਿਵਾਰਣ ਕੇਂਦਰ ਲੁਧਿਆਣਾ ਅਤੇ ਉਨ੍ਹਾਂ ਅਧੀਨ ਕੰਮ ਕਰਦੇ ਕਰਮਚਾਰੀਆਂ ਨੂੰ ਉਕਤ ਕਾਨੂੰਨ ਦੀਆਂ ਵਿਵਸਥਾਵਾਂ ਦੀ ਉਲੰਘਣਾ ਕਰਨ ਕਾਰਨ ਬਣਦੀ ਸਜ਼ਾ ਦਿੱਤੀ ਜਾਵੇ।

(ੲ) ਡਾਇਰੈਕਟਰ ਭਾਸ਼ਾ ਵਿਭਾਗ ਨੂੰ, ਕਾਨੂੰਨ ਦੀਆਂ ਉਕਤ ਵਿਵਸਥਾਵਾਂ ਰਾਹੀਂ ਨਿਸ਼ਚਿਤ ਆਪਣੀਆਂ ਜ਼ਿੰਮੇਵਾਰੀਆਂ ਨਾ ਨਿਭਾਉਣ ਕਾਰਨ ਬਣਦੀ ਸਜ਼ਾ ਦਿੱਤੀ ਜਾਵੇ।

10. ਦੀਵਾਨੀ ਜ਼ਾਬਤੇ ਦੀ ਧਾਰਾ 80 ਦੀਆਂ ਵਿਵਸਥਾਵਾਂ ਦੀ ਪਾਲਣਾ ਕਰਦੇ ਹੋਏ, ਇਸ ਕਾਨੂੰਨੀ ਨੋਟਿਸ ਰਾਹੀਂ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਕਾਨੂੰਨ ਵੱਲੋਂ ਨਿਰਧਾਰਤ 60 ਦਿਨਾਂ ਦੇ ਅੰਦਰ-ਅੰਦਰ ਆਪ ਨੋਟਿਸੀਜ਼ ਉਕਤ ਪੈਰ੍ਹਾ ਨੰ:8 ਵਿਚ ਮੰਗੀ ਰਾਹਤ ਮੇਰੇ ਸਾਇਲ ਨੂੰ ਤੁਰੰਤ ਉਪਲਬਧ ਕਰਵਾਓ।

11. ਪੈਰ੍ਹਾ ਨੰ:9 ਵਿਚ ਮੰਗੀ ਰਾਹਤ ਨਾ ਮਿਲਣ ਤੇ, ਕਾਨੂੰਨ ਦੁਆਰਾ ਨਿਸ਼ਚਿਤ ਸਮੇਂ ਦੇ ਲੰਘ ਜਾਣ ਬਾਅਦ ਮੇਰਾ ਸਾਇਲ ਆਪ ਸਾਰੇ ਨੋਟਿਸੀਜ਼ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਲਈ ਮਜਬੂਰ ਹੋਵੇਗਾ। ਇਸ ਦੀ ਜ਼ਿੰਮੇਵਾਰੀ ਸਬੰਧਤ ਅਧਿਕਾਰੀਆਂ ਦੀ ਹੋਵੇਗੀ।

ਇਸ ਕਾਨੂੰਨੀ ਨੋਟਿਸ ਦੀ ਕਾਪੀ ਰਿਕਾਰਡ ਵਿਚ ਰੱਖੀ ਜਾਂਦੀ ਹੈ।

ਮਿੱਤਰ ਸੈਨ ਗੋਇਲ

ਐਡਵੋਕੇਟ

**ਨੱਥੀ:** ਚਿੱਠੀ ਮਿਤੀ 27.01.2020